ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਐਸ.ਏ.ਐਸ ਨਗਰ, ਪੰਜਾਬ।

ਹੁਕਮ ਨੰ: (44702 ਸਰਹ) 15/384-16 ਅ1(4) ਕੋ:ਸ:3
ਮਿਤੀ, ਐਸ.ਏ.ਐਸ ਨਗਰ : 09-08-2016

ਸ਼੍ਰੀਮਤੀ ਨੀਰਜਾ, ਲੈਕਚਰਾਰ ਅੰਗਰੇਜ਼ੀ, ਸਸਸਸ ਜੰਡਿਆਲੀ, ਜ਼ਿਲ੍ਹਾ ਲੁਧਿਆਣਾ ਨੂੰ ਮਿਤੀ 10-08-16 ਤੋਂ ਮਿਤੀ 31-08-16 ਤੱਕ ਸਟੇਸ਼ਨ ਲੀਵ ਅਤੇ ਅੱਧੀ ਤਨਖਾਹ ਛੁੱਟੀ ਵਿਦੇਸ਼ (ਯੂ.ਕੇ) ਜਾਣ ਲਈ ਹੇਠ ਲਿਖੀਆਂ ਸ਼ਰਤਾਂ ਤੇ ਮੰਜੂਰੀ ਦਿੱਤੀ ਜਾਂਦੀ ਹੈ:-

1. ਕਰਮਚਾਰੀ/ਅਧਿਕਾਰੀ ਆਪਣੀ ਛੁੱਟੀ ਵਿਚ ਵਾਧਾ ਨਹੀ ਕਰੇਗਾ/ ਕਰੇਗੀ।
2. ਕਰਮਚਾਰੀ/ਅਧਿਕਾਰੀ ਵਿਦੇਸ਼ ਵਿੱਚ ਜਾ ਕੇ ਦੇਸ਼ ਵਿਰੋਧੀ ਗਤੀਵਿਧੀਆ ਵਿਚ ਹਿਸਾ ਨਹੀ ਲਵੇਗਾ/ਲਵੇਗੀ।
3. ਕਰਮਚਾਰੀ/ਅਧਿਕਾਰੀ ਛੁੱਟੀ ਖਤਮ ਹੋਣ ਤੇ ਵਾਪਸ ਹਾਜਰ ਨਹੀ ਹੁੰਦਾ/ਹੁੰਦੀ ਤਾਂ ਉਸ ਵਲੋ ਦਿੱਤੇ ਹਲਫੀਆ ਬਿਆਨ ਅਨੁਸਾਰ ਉਸਦਾ ਸਰਕਾਰੀ ਨੌਕਰੀ ਤੋ ਅਸਤੀਫਾ ਪ੍ਰਵਾਨ ਕਰ ਲਿਆ ਜਾਵੇਗਾ।
4. ਕਰਮਚਾਰੀ/ਅਧਿਕਾਰੀ ਵਿਦੇਸ਼ ਵਿੱਚ ਰਹਿੰਦੇ ਹੋਏ ਆਪਣੀ ਆਮਦਨ ਲਈ ਕਿਸੇ ਹੋਰ ਜਗ੍ਹਾ ਨੌਕਰੀ ਨਹੀਂ ਕਰੇਗਾ/ ਕਰੇਗੀ।
5. ਕਰਮਚਾਰੀ/ਅਧਿਕਾਰੀ ਖਿਲਾਫ ਕੋਈ ਪੁਲਿਸ/ਵਿਜੀਲੈਂਸ ਕੇਸ /ਵਿਭਾਗੀ ਪੈਂਡਿੰਗ ਪੜਤਾਲ/ਏ.ਜੀ. ਪੰਜਾਬ ਵੱਲੋਂ ਆਡਿਟ ਇਤਰਾਜ ਅਤੇ ਐਲ.ਟੀ.ਸੀ ਆਦਿ ਸਬੰਧੀ ਕੋਈ ਕੇਸ ਪੈਡਿੰਗ ਨਾ ਹੋਵੇ।
6. ਜੇਕਰ ਕਿਸੇ ਕਾਰਨ ਮੰਜੂਰ ਹੋਈ ਛੁੱਟੀ ਸਬੰਧਤ ਕਰਮਚਾਰੀ ਵੱਲੋਂ ਅਵੇਲ ਨਹੀਂ ਕੀਤੀ ਜਾਂਦੀ, ਤਾਂ ਮੰਜੂਰ ਕੀਤੀ ਛੁੱਟੀ ਰੱਦ ਸਮਝੀ ਜਾਵੇਗੀ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ

ਪਿਠ ਅੰਕਣ ਨੰ: ਉਕਤ 12297-99 ਮਿਤੀ :- 09/08/16

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਦਾ ਹੈ :-

1. ਜ਼ਿਲ੍ਹਾ ਸਿੱਖਿਆ ਅਫਸਰ(ਸੈਸਿ) ਲੁਧਿਆਣਾ ਨੂੰ ਉਨ੍ਹਾਂ ਦੇ ਪੱਤਰ ਨੰ: ਅ-6/2016/5059 ਮਿਤੀ 21.07.16 ਦੇ ਸਬੰਧ ਵਿੱਚ ਭੇਜਕੇ ਲਿਖਿਆ ਜਾਂਦਾ ਹੈ ਕਿ ਕਰਮਚਾਰੀ/ ਅਧਿਕਾਰੀ ਦੀ ਛੁੱਟੀ ਉਪਰੰਤ ਸਮੇਂ ਸਿਰ ਹਾਜ਼ਰ ਹੋਣ/ਨਾ ਹੋਣ ਸਬੰਧੀ ਸੂਚਨਾ ਇਸ ਦਫਤਰ ਨੂੰ ਉਪਲੱਬਧ ਕਰਾਉਣੀ ਯਕੀਨੀ ਬਣਾਈ ਜਾਵੇ।
2. ਪ੍ਰਿੰਸੀਪਲ/ਮੁੱਖਅਧਿਆਪਕ, ਸਸਸਸ ਜੰਡਿਆਲੀ, ਜ਼ਿਲ੍ਹਾ ਲੁਧਿਆਣਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਅਧਿਕਾਰੀ/ਕਰਮਚਾਰੀ ਦੀ ਛੁੱਟੀ ਸਬੰਧੀ ਇੰਦਰਾਜ ਸੇਵਾ ਪੱਤਰੀ ਵਿੱਚ ਕੀਤਾ ਜਾਵੇ ਅਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਮਿਤੀ 18-10-2012 ਅਨੁਸਾਰ ਕਰਮਚਾਰੀ/ਅਧਿਕਾਰੀ ਦੀ ਛੁੱਟੀ 10 ਦਿਨ ਤੋ ਵੱਧ ਹੋਣ ਕਾਰਨ ਉਸ ਨੂੰ ਮੋਬਾਇਲ ਭੱਤੇ ਦੀ ਅਦਾਇਗੀ ਨਹੀਂ ਕੀਤੀ ਜਾਣੀ ਹੈ।
3. ਸ਼੍ਰੀਮਤੀ ਨੀਰਜਾ, ਲੈਕਚਰਾਰ ਅੰਗਰੇਜ਼ੀ, ਸਸਸਸ ਜੰਡਿਆਲੀ, ਜ਼ਿਲ੍ਹਾ ਲੁਧਿਆਣਾ।

ਸੁਪਰਡੰਟ ਕੋਆਰਡੀਨੇਸ਼ਨ ਸੈਲ

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ।

ਹੁਕਮ ਨੰ:: (36878 ਸਰਰ) 15/147-16 ਅ1(6) ਕੋ:ਸ:2
ਮਿਤੀ, ਐਸ.ਏ.ਐਸ ਨਗਰ :: 08-08-2016

ਪੰਜਾਬ ਸਰਕਾਰ ਦੇ ਪੱਤਰ ਨੰ: 6/26/2011-6ਪੀ.ਪੀ.3/2046 ਮਿਤੀ 22-12-2011 ਅਤੇ ਪੱਤਰ ਨੰ: 6/26/2011-6ਪੀ.ਪੀ.3/1276 ਮਿਤੀ 08-08-2012 ਦੇ ਸਨਮੁੱਖ ਸ਼੍ਰੀਮਤੀ ਗੁਰਪ੍ਰੀਤ ਕੌਰ, ਲੈਕਚਰਾਰ ਪੰਜਾਬੀ, ਸਸਸਸ ਘੁੰਮਣਕਲਾਂ, ਜ਼ਿਲ੍ਹਾ ਬਠਿੰਡਾ ਦੀ ਮਿਤੀ 04.05.16 ਤੋਂ ਮਿਤੀ 18.05.16 ਤੱਕ ਦੀ ਚਾਈਲਡ ਕੇਅਰ ਲੀਵ (ਬੱਚੇ ਦੀ ਦੇਖਭਾਲ ਲਈ) ਇਸ ਸ਼ਰਤ ਤੇ ਮਨਜ਼ੂਰ ਕੀਤੀ ਜਾਂਦੀ ਹੈ ਕਿ ਉਹ ਚਾਈਲਡ ਕੇਅਰ ਲੀਵ ਸਬੰਧੀ ਸਮੇਂ ਸਮੇਂ ਤੇ ਸਰਕਾਰ ਵੱਲੋਂ ਜਾਰੀ ਕੀਤੀਆਂ ਹਦਾਇਤਾਂ, ਵਿੱਚ ਦਰਜ ਉਪਬੰਧਾ ਦੀ ਪਾਲਣਾ ਕਰੇਗੀ। ਜੇਕਰ ਅਧਿਆਪਿਕਾ ਦੀ ਬੋਰਡ ਦੀਆਂ ਪਰੀਖਿਆਵਾਂ ਆਦਿ ਵਿਚ ਡਿਊਟੀ ਲੱਗੀ ਹੋਵੇ ਤਾਂ ਇਹ ਛੁੱਟੀ ਰੱਦ ਸਮਝੀ ਜਾਵੇ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ

ਪਿੱਠ ਅੰਕਣ ਨੰ: ਉਕਤ / 12294-96 ਮਿਤੀ, ਐਸ.ਏ.ਐਸ ਨਗਰ: 09/08/16

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜ਼ਿਲ੍ਹਾ ਸਿੱਖਿਆ ਅਫਸਰ(ਸੈਸਿ), ਬਠਿੰਡਾ ਨੂੰ ਉਨ੍ਹਾਂ ਦੇ ਪੱਤਰ ਨੰ: ਅ-6/(1)2016/ਚਾਈਲਡ ਕੇਅਰ ਲੀਵ/3346/2202/532 ਮਿਤੀ 13.06.16 ਦੇ ਸਬੰਧ ਵਿੱਚ ਭੇਜਕੇ ਲਿਖਿਆ ਜਾਂਦਾ ਹੈ ਕਿ ਅਧਿਆਪਕਾ ਦੀ ਛੁੱਟੀ ਉਪਰੰਤ ਸਮੇਂ ਸਿਰ ਹਾਜਰ ਹੋਣ/ ਨਾ ਹਾਜਰ ਹੋਣ ਸਬੰਧੀ ਸੂਚਨਾ ਸਮੇ ਸਿਰ ਦਫਤਰ ਨੂੰ ਉਪਲੱਬਧ ਕਰਾਉਣੀ ਯਕੀਨੀ ਬਣਾਈ ਜਾਵੇ।
2. ਪ੍ਰਿੰਸੀਪਲ/ਮੁੱਖਅਧਿਆਪਕ, ਸਸਸਸ ਘੁੰਮਣਕਲਾਂ, ਜ਼ਿਲ੍ਹਾ ਬਠਿੰਡਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਅਧਿਆਪਕਾ ਦੀ ਛੁੱਟੀ ਸਬੰਧੀ ਇੰਦਰਾਜ ਸੇਵਾ ਪੱਤਰੀ ਵਿੱਚ ਕੀਤਾ ਜਾਵੇ ਅਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਮਿਤੀ 18-10-2012 ਅਨੁਸਾਰ ਕਰਮਚਾਰੀ ਦੀ ਛੁੱਟੀ 10 ਦਿਨ ਤੋ ਵੱਧ ਹੋਣ ਕਾਰਨ ਉਸ ਨੂੰ ਮੋਬਾਇਲ ਭੱਤੇ ਦੀ ਅਦਾਇਗੀ ਨਹੀ ਕੀਤੀ ਜਾਣੀ ਹੈ।
3. ਸ਼੍ਰੀਮਤੀ ਗੁਰਪ੍ਰੀਤ ਕੌਰ, ਲੈਕਚਰਾਰ ਪੰਜਾਬੀ, ਸਸਸਸ ਘੁੰਮਣਕਲਾਂ, ਜ਼ਿਲ੍ਹਾ ਬਠਿੰਡਾ।

ਸੁਪਰਡੰਟ ਕੋਆਰਡੀਨੇਸ਼ਨ ਸੈਲ